## ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

## ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ

**ਸੰ. ਐਫ.02/07/2020/ਐਸ.I/84** **ਮਿਤੀ 23.04.2020**

### ਹੁਕਮ

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਕੋਵਿਡ–19 ਮਹਾਮਾਰੀ ਦੇ ਫੈਲਣ ਤੋਂ ਚਿੰਤਤ ਹੈ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਹਿਲਾਂ ਹੀ ਆਲਮੀ ਮਹਾਮਾਰੀ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਚ ਇਸ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਇਸ ਸਥਿਤੀ ਨਾਲ ਨਿਪਟਣ ਲਈ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਸਮੇਂ-ਸਮੇਂ ਸੰਬੰਧਿਤ ਵਿਭਾਗਾਂ ਨੂੰ ਉਚਿਤ ਉਪਾਅ ਕਰਨ ਲਈ ਵੱਖ-ਵੱਖ ਹਿਦਾਇਤਾਂ ਜਾਰੀ ਕੀਤੀਆਂ ਹਨ।

ਅਤੇ ਜਦੋਂ ਕਿ ਗ੍ਰਹਿ ਮੰਤਰਾਲੇ ਨੇ ਪੱਤਰ ਨੰ. 11034/01/2020–ਆਈਐਸ- **IV** ਮਿਤੀ 24.03.2020, 04.04.2020 ਅਤੇ 11.04.2020 ਰਾਹੀਂ ਵੱਖ–ਵੱਖ ਸਲਾਹਾਂ ਜਾਰੀ ਕੀਤੀਆਂ ਗਈਆਂ ਹਨ ਤਾਂ ਕਿ ਸਿਹਤ ਨਾਲ ਜੁੜੇ ਪੇਸ਼ਾਵਰ ਲੋਕਾਂ, ਮੈਡੀਕਲ ਸਟਾਫ਼ ਅਤੇ ਮੂਹਰਲੀ ਲਾਈਨ ਦੇ ਕਰਮਚਾਰੀਆਂ ਲਈ ਸੁਰੱਖਿਆ ਪ੍ਰਬੰਧ ਦੀ ਸ਼ੁਰੂਆਤ ਕਰਦੇ ਹੋਏ ਪੂਰੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਅਤੇ ਜਦੋਂ ਕਿ ਉਪਰੋਕਤ ਸੂਚਨਾ ਦੇ ਬਾਵਜੂਦ, ਸਿਹਤ ਨਾਲ ਜੁੜੇ ਪੇਸ਼ਾਵਰ ਲੋਕਾਂ, ਮੈਡੀਕਲ ਸਟਾਫ਼ ਅਤੇ ਮੂਹਰਲੀ ਲਾਈਨ ਦੇ ਕਰਮਚਾਰੀਆਂ ਦੇ ਖਿਲਾਫ਼ ਦਿੱਲੀ ਸਮੇਤ ਦੇਸ਼ ਦੇ ਵੱਖ–ਵੱਖ ਹਿੱਸਿਆਂ ਵਿਚ ਹਿੰਸਾ ਦੀਆਂ ਕੁਝ ਘਟਨਾਵਾਂ ਹੋਈਆਂ ਹਨ।

ਅਤੇ ਜਦੋਂ ਕਿ, ਮਾਣਯੋਗ ਸੁਪਰੀਮ ਕੋਰਟ ਦੀ ਪਟੀਸ਼ਨ (ਸਿਵਲ) ਨੰ. 10795/2020 ਮਿਤੀ 08.04.2020 ਵਿਚ ਹੇਠ ਲਿਖੇ ਨਿਰਦੇਸ਼ ਜਾਰੀ ਕੀਤੇ ਗਏ ਹਨ :

*"ਭਾਰਤ ਸਰਕਾਰ, ਸੰਬੰਧਤ ਯੂ.ਟੀ. ਅਤੇ ਸੰਬੰਧਿਤ ਪੁਲੀਸ ਅਥਾਰਟੀ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਹਸਪਤਾਲਾਂ ਅਤੇ ਉਨ੍ਹਾਂ ਥਾਵਾਂ 'ਤੇ ਜਿੱਥੇ ਮਰੀਜ਼ਾਂ ਦਾ ਕੋਵਿਡ-19 ਦਾ ਇਲਾਜ ਕੀਤਾ ਜਾ ਰਿਹਾ ਹੈ ਜਾਂ ਜਿੱਥੇ ਮਰੀਜ਼ਾਂ ਨੂੰ ਘਰਾਂ ਵਿਚ ਕਵਾਂਰਨਟਾਈਨ ਕੀਤਾ ਜਾ ਰਿਹਾ ਹੈ, ਉਥੇ ਡਾਕਟਰਾਂ ਅਤੇ ਮੈਡੀਕਲ ਸਟਾਫ਼ ਨੂੰ ਜ਼ਰੂਰੀ ਪੁਲੀਸ ਸੁਰੱਖਿਆ ਮੁਹੱਈਆ ਕਰਵਾਈ ਜਾਏ। ਅਜਿਹੇ ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ਼ ਨੂੰ ਵੀ ਜ਼ਰੂਰੀ ਪੁਲੀਸ ਸੁਰੱਖਿਆ ਮੁਹੱਈਆ ਕਰਵਾਈ ਜਾਵੇ, ਜੋ ਇਸ ਬਿਮਾਰੀ ਦੇ ਲੱਛਣਾਂ ਦਾ ਪਤਾ ਲਗਾਉਣ ਲਈ ਲੋਕਾਂ ਦੀ ਸਕ੍ਰੀਨਿੰਗ ਲਈ ਉਨ੍ਹਾਂ ਦੇ ਸਥਾਨ 'ਤੇ ਜਾਂਦੇ ਹਨ।"*

ਅਤੇ ਜਦੋਂ ਕਿ, ਉਪਰੋਕਤ ਨਿਰਦੇਸ਼ਾਂ ਦੇ ਪਾਲਣ ਵਿਚ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਦੁਆਰਾ ਹੁਕਮ ਨੰ. ਐਫ./2/07/2020/8.1/39, ਮਿਤੀ 11.04.2020 ਜਾਰੀ ਕੀਤਾ ਗਿਆ ਸੀ, ਜਿਸ ਵਿਚ ਸਾਰੇ ਜ਼ਿਲ੍ਹਾ ਪੁਲੀਸ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਗਏ ਸਨ ਕਿ ਭਾਰਤ ਦੇ ਮਾਣਯੋਗ ਸੁਪਰੀਮ ਕੋਰਟ ਦੇ ਉਪਰੋਕਤ ਲਿਖਤ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

ਅਤੇ ਜਦੋਂ ਕਿ, ਆਫ਼ਤ ਪ੍ਰਬੰਧਨ ਐਕਟ 2005 ਦੇ ਆਰਟੀਕਲ 51 ਵਿਚ ਅਜਿਹੇ ਵਿਅਕਤੀ ਨੂੰ ਸਖ਼ਤ ਸਜ਼ਾ ਦੇਣ ਦਾ ਪ੍ਰਬੰਧ ਹੈ, ਜੋ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀਆਂ ਜਾਂ ਕਿਸੇ ਰਾਸ਼ਟਰੀ ਅਥਾਰਟੀ ਜਾਂ ਰਾਜ ਅਥਾਰਟੀ ਜਾਂ ਜ਼ਿਲ੍ਹਾ ਅਥਾਰਟੀ ਦੁਆਰਾ ਕਿਸੇ ਅਧਿਕਾਰਤ ਵਿਅਕਤੀ ਨੂੰ ਇਸ ਐਕਟ ਦੇ ਤਹਿਤ

ਕੰਮ ਕਰਨ ਵਿਚ ਰੋਕ ਪਹੁੰਚਾਉਂਦਾ ਹੈ ਜਾਂ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਜਾਂ ਰਾਜ ਕਾਰਜਕਾਰੀ ਸਮਿਤੀ ਜਾਂ ਜ਼ਿਲ੍ਹਾ ਅਥਾਰਟੀ ਦੁਆਰਾ ਜਾਂ ਉਨ੍ਹਾਂ ਵੱਲੋਂ ਦਿੱਤੇ ਕਿਸੇ ਨਿਰਦੇਸ਼ ਦੇ ਪਾਲਣ ਤੋਂ ਇਨਕਾਰ ਕਰਦਾ ਹੈ।

ਇਸ ਲਈ, ਹੁਣ ਆਫ਼ਤ ਪ੍ਰਬੰਧਨ ਐਕਟ, 2005 ਦੇ ਆਰਟੀਕਲ 22 ਦੇ ਤਹਿਤ ਮੌਜੂਦ ਸ਼ਕਤੀਆਂ ਦੀ ਪਾਲਣਾ ਕਰਦੇ ਹੋਏ ਰਾਜ, ਕਾਰਜਕਾਰੀ ਸਮਿਤੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਮੁਖੀ ਦੇ ਰੂਪ ਵਿਚ ਨਿਮਨ ਹਸਤਾਖ਼ਰੀ ਦੁਆਰਾ ਹੇਠ ਲਿਖੇ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ :

1. ਪੁਲੀਸ ਕਮਿਸ਼ਨਰ, ਦਿੱਲੀ ਇਕ ਰਾਜ-ਪੱਧਰ ਦੇ ਨੋਡਲ ਅਧਿਕਾਰੀ ਦੀ ਚੋਣ ਕਰੇਗਾ, ਜਿਸ ਦਾ ਰੈਂਕ ਸਪੈਸ਼ਲ ਕਮਿਸ਼ਨਰ (ਪੁਲੀਸ) ਦੇ ਪੱਧਰ ਤੋਂ ਘੱਟ ਪੱਧਰ ਦਾ ਨਹੀਂ ਹੋਵੇਗਾ ਅਤੇ ਜ਼ਿਲ੍ਹਾ-ਪੱਧਰ ਦੇ ਨੋਡਲ ਅਧਿਕਾਰੀ ਵਧੀਕ ਪੁਲੀਸ ਕਮਿਸ਼ਨਰ ਦੇ ਪੱਧਰ ਤੋਂ ਘੱਟ ਰੈਂਕ ਦੇ ਨਹੀਂ ਹੋਣਗੇ, ਜੋ ਸਿਹਤ ਨਾਲ ਜੁੜੇ ਲੋਕਾਂ ਦੀ ਸੁਰੱਖਿਆ ਸੰਬੰਧੀ ਮਾਮਲਿਆਂ ਦੇ ਹੱਲ ਲਈ 24 ਘੰਟੇ-ਸੱਤੇ ਦਿਨ ਮੌਜੂਦ ਰਹਿਣਗੇ, ਜੇ ਹਿੰਸਾ ਦੀ ਕੋਈ ਘਟਨਾ ਹੁੰਦੀ ਹੈ ਤਾਂ ਉਹ ਤੁਰੰਤ ਅਤੇ ਸਖ਼ਤ ਕਾਰਵਾਈ ਕਰਨਗੇ। ਨਾਲ ਹੀ ਸਿਹਤ ਕਰਮਚਾਰੀ ਮੂਹਰਲੀ ਲਾਈਨ ਦੇ ਕਰਮਚਾਰੀਆਂ ਨੂੰ ਉਚਿੱਤ ਸੁਰੱਖਿਆ ਮੁਹੱਈਆ ਕਰਾਉਣ ਲਈ ਸਾਰੇ ਜ਼ਰੂਰੀ ਪ੍ਰਬੰਧ ਕਰਨਗੇ ਅਤੇ ਉਨ੍ਹਾਂ ਦੇ ਖ਼ਿਲਾਫ਼ ਹੋਣ ਵਾਲੀ ਕਿਸੇ ਵੀ ਹਿੰਸਾ ਦੀ ਘਟਨਾ ਨੂੰ ਰੋਕਣਗੇ। ਇਸ ਸੰਬੰਧ ਵਿਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਲੋਕਲ ਬੌਡੀਜ਼ ਦੀ ਸਲਾਹ ਨਾਲ ਕੀਤੇ ਜਾਣ ਵਾਲੇ ਪ੍ਰਬੰਧਾਂ ਨੂੰ ਆਖਰੀ ਰੂਪ ਦਿੱਤਾ ਜਾਏਗਾ ਅਤੇ ਸੁਰੱਖਿਆ ਲਈ ਕੀਤੀ ਜਾਣ ਵਾਲੀ ਕਾਰਵਾਈ ਅਤੇ ਸਿਹਤ ਦੇ ਖੇਤਰ ਵਿਚ ਵਿਸ਼ਵਾਸ ਪੈਦਾ ਕਰਨ ਲਈ ਦੇ ਸੰਬੰਧ ਵਿਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਜਾਏਗਾ। ਇਸ ਤੋਂ ਬਾਅਦ, ਪ੍ਰਮੁੱਖ ਸਕੱਤਰ (ਸਿਹਤ ਅਤੇ ਪਰਿਵਾਰ ਕਲਿਆਣ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੀ ਪ੍ਰਧਾਨਗੀ ਵਿਚ 48 ਘੰਟੇ ਦੇ ਅੰਦਰ ਇਕ ਐਸ.ਓ.ਪੀ./ਸਕਿਉਰਿਟੀ ਪ੍ਰੋਟੋਕਾਲ ਲਈ ਇਕ ਦਲ ਬਣਾਇਆ ਜਾਏਗਾ :

(ੳ) ਦਿੱਲੀ ਪੁਲੀਸ ਕਮਿਸ਼ਨਰ ਦੁਆਰਾ ਚੁਣਿਆ ਵਿਸ਼ੇਸ਼ ਪੁਲੀਸ ਕਮਿਸ਼ਨਰ

(ਅ) ਕਮਿਸ਼ਨਰ (ਦਫ਼ਤਰ), ਮੰਡਲ ਕਮਿਸ਼ਨਰ ਦਫ਼ਤਰ, ਦਿੱਲੀ

(ੲ) ਮੁੱਖ ਸਕੱਤਰ (ਸਿਹਤ ਅਤੇ ਪਰਿਵਾਰ ਕਲਿਆਣ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੁਆਰਾ ਚੁਣਿਆ ਵਧੀਕ ਪ੍ਰਬੰਧ ਨਿਰਦੇਸ਼ਕ, ਸਿਹਤ ਸੇਵਾਵਾਂ।

2. ਨਾਲ ਹੀ, ਜੇ ਅਜਿਹਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ, ਜਿੱਥੇ ਮੈਡੀਕਲ ਪ੍ਰੋਫੈਸ਼ਨਲਸ ਦੇ ਪਰਿਵਾਰ ਵਾਲਿਆਂ ਅਤੇ ਸੰਬੰਧੀਆਂ ਦੀ ਕੋਵਿਡ-19 ਲਾਗ ਨਾਲ ਮੌਤ ਹੋਣ ਦੀ ਸ਼ੰਕਾ ਹੋਵੇ, ਤਾਂ ਉਨ੍ਹਾਂ ਨੂੰ ਉਸ ਮ੍ਰਿਤਕ ਦੇ ਅੰਤਮ ਸੰਸਕਾਰ ਤੋਂ ਦੂਰ ਰੱਖਣ ਜਾਂ ਕਿਰਿਆ ਕ੍ਰਮ ਵਿਚ ਬਚਾਅ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ, ਜਿਸ ਲਈ ਉਨ੍ਹਾਂ ਨੂੰ ਪੁਖਤਾ ਸੁਰੱਖਿਆ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ ਅਤੇ ਅਜਿਹੇ ਅਪਰਾਧੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਜੋ ਉਨ੍ਹਾਂ ਮੈਡੀਕਲ ਪ੍ਰੋਫੈਸ਼ਨਲਸ ਜਾਂ ਮੂਹਰਲੀ ਲਾਈਨ ਦੇ ਸਿਹਤ ਕਰਮਚਾਰੀਆਂ ਦੀ ਅੰਤਿਮ ਕਿਰਿਆ ਵਿਚ ਰੋਕ ਪਾਉਣ ਦੀ ਕੋਸ਼ਿਸ਼ ਕਰਦੇ ਹੋਣ, ਜਿਨ੍ਹਾਂ ਦੀ ਆਪਣੀਆਂ ਸੇਵਾਵਾਂ ਦਿੰਦੇ ਸਮੇਂ ਜਾਂ ਬਦਕਿਸਮਤੀ ਨਾਲ ਕੋਵਿਡ-19 ਦੀ ਲਾਗ ਦੇ ਕਾਰਨ ਮੌਤ ਹੋ ਜਾਂਦੀ ਹੋਵੇ।

3. ਸਾਰੇ ਜ਼ਿਲ੍ਹਾ ਅਧਿਕਾਰੀਆਂ ਅਤੇ ਜ਼ਿਲ੍ਹਾ ਪੁਲੀਸ ਕਮਿਸ਼ਨਾਂ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਉਹ ਰੋਕਥਾਮ ਪ੍ਰਬੰਧਾਂ ਦੇ ਵੇਰਵੇ ਅਤੇ ਨੋਡਲ ਅਧਿਕਾਰੀਆਂ ਦੇ ਨਾਵਾਂ ਦਾ ਸਿਹਤ ਖੇਤਰ ਨਾਲ ਹੀ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਸਥਾਨਕ ਅਧਿਆਇਆਂ ਵਿਚ ਵਿਆਪਕ ਪ੍ਰਚਾਰ ਕਰਨ। ਨਿਰਦੇਸ਼ਕ (ਡੀ.ਆਈ.ਪੀ.), ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਉਹ ਕੀਤੇ ਗਏ ਰੋਕਥਾਮ ਪ੍ਰਬੰਧਾਂ ਅਤੇ ਨੋਡਲ ਅਧਿਕਾਰੀਆਂ ਦੇ ਨਾਵਾਂ ਦਾ ਵਿਆਪਕ ਤੌਰ 'ਤੇ ਆਮ ਜਨਤਾ ਵਿਚ ਪ੍ਰਚਾਰ ਕਰੇ।

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

ਪਾਲਣਾ ਹਿੱਤ ਨਕਲ :

1 ਪੁਲੀਸ ਕਮਿਸ਼ਨਰ, ਦਿੱਲੀ।

2 ਪ੍ਰਧਾਨ ਸਕੱਤਰ, ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3 ਸਾਰੇ ਜ਼ਿਲ੍ਹਾ ਮੈਜਿਸਟ੍ਰੇਟ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

4 ਸਾਰੇ ਜ਼ਿਲ੍ਹਾ ਕਮਿਸ਼ਨਰ।

5 ਨਿਰਦੇਸ਼ਕ (ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

ਸੂਚਨਾ ਹਿੱਤ ਕਾਪੀ

1 ਮੁੱਖ ਸਕੱਤਰ, ਮਾਣਯੋਗ ਉੱਪ-ਰਾਜਪਾਲ, ਦਿੱਲੀ।

2 ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3 ਸਕੱਤਰ, ਮਾਣਯੋਗ ਉੱਪ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ, ਖੇਤਰ, ਦਿੱਲੀ ਸਰਕਾਰ।

4 ਸਕੱਤਰ, ਮਾਣਯੋਗ ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

5 ਸਕੱਤਰ, ਮਾਣਯੋਗ ਸਿਹਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

6 ਸਕੱਤਰ, ਮਾਣਯੋਗ ਕਿਰਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7 ਸਕੱਤਰ, ਮਾਣਯੋਗ ਸਮਾਜ ਕਲਿਆਣ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

8 ਸਕੱਤਰ, ਮਾਣਯੋਗ ਫੂਡ ਅਤੇ ਸਪਲਾਈ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

9 ਵਧੀਕ ਮੁੱਖ ਸਕੱਤਰ (ਗ੍ਰਹਿ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

10 ਪ੍ਰਧਾਨ ਸਕੱਤਰ (ਮਾਲੀਆ)-ਸਹਿ-ਮੰਡਲੀ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

11 ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈੱਬ-ਸਾਈਟ 'ਤੇ ਅੱਪਲੋਡ ਕਰਨ ਲਈ।

12